ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times 17 ਜੂਨ 2024 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਮਾਤਾ ਜੀ ਰੁਪਿੰਦਰ ਕੌਰ ਦੀ ਯਾਦ ਵਿੱਚ ਪਰਿਵਾਰ ਨੇ ਫ਼ਲਦਾਰ ਬੂਟੇ ਲਾਏ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 17 ਜੂਨ : ਸਤਿਕਾਰਯੋਗ ਮਾਤਾ ਸ੍ਰੀਮਤੀ ਰੁਪਿੰਦਰ ਕੌਰ ਕੰਗ ਦੇ ਭੋਗ ਤੇ ਅੰਤਿਮ ਅਰਦਾਸ ਉਪਰੰਤ ਉਹਨਾਂ ਦੇ ਪੁੱਤਰ ਜੋਤਇੰਦਰ ਸਿੰਘ (ਜਿੰਮੀ ਕੰਗ )ਮੈਂਬਰ ਸਮਰਾਲਾ ਹਾਕੀ ਕਲੱਬ ਅਤੇ ਪੂਰੇ ਪਰਿਵਾਰ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਆਪਣੇ ਘਰ ਵਿੱਚ ਚੀਕੂ ਸਮੇਤ ਹੋਰ ਫ਼ਲਦਾਰ ਦੇ ਬੂਟੇ ਲਗਾਏ।
ਵਰਨਣਯੋਗ ਗੱਲ ਇਹ ਹੈ ਕਿ ਹਾਕੀ ਕਲੱਬ ਸਮਰਾਲਾ ਵੱਲੋ ਜੀਵੇ ਧਰਤ ਹਰਿਆਵਲੀ ਲਹਿਰ ਅਧੀਨ ਗੁਰਪ੍ਰੀਤ ਸਿੰਘ ਬੇਦੀ ਦੀ ਅਗਵਾਈ ਹੇਠ ਸਮਰਾਲਾ ਤੇ ਨੇੜਲੇ ਪਿੰਡਾਂ ਵਿੱਚ ਲਗਪਗ 1.5ਲੱਖ ਬੂਟੇ ਲਗਾਏ ਜਾ ਚੁਕੇ ਹਨ।
ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਪਰਿਵਾਰ ਵੱਲੋਂ ਉਨ੍ਹਾ ਦੀ ਯਾਦ ਵਿੱਚ ਫ਼ਲਦਾਰ ਬੂਟੇ ਲਾਉਣ ਤੇ ਧੰਨਵਾਦ ਕੀਤਾ ਹੈ। ਇਹ ਪਿਰਤ ਪੂਰੇ ਪੰਜਾਬ ਵਿੱਚ ਪਾਉਣ ਦੀ ਲੋੜ ਹੈ।

## ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਭਾਈ ਅਵਤਾਰ ਸਿੰਘ ਤੇ ਭਾਈ ਹਰਦੀਪ ਸਿੰਘ ਦੀ ਯਾਦ ’ਚ ਸਮਾਗਮ

ਵਰਲਡ ਪੰਜਾਬੀ ਟਾਈਮਜ਼
ਨਵਜੋਤ ਪਨੈਚ ਢੀਂਡਸਾ



ਅੰਮ੍ਰਿਤਸਰ, 17 ਜੂਨ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸਾਂਝੇ ਤੌਰ ’ਤੇ ਭਾਈ ਅਵਤਾਰ ਸਿੰਘ ਖੰਡਾ ਅਤੇ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਵਿੱਚ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਭਾਈ ਜਗਰੂਪ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਉਪਰੰਤ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਸਮਾਗਮ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਅਵਤਾਰ ਸਿੰਘ ਦੀ ਮਾਤਾ ਚਰਨਜੀਤ ਕੌਰ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।
ਇਸ ਮੌਕੇ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਲਈ ਗੁਰੂ ਸਾਹਿਬਾਨ ਦੇ ਸਿਧਾਂਤ ਅਤੇ ਸਿੱਖਿਆਵਾਂ ਪ੍ਰੇਰਣਾ ਸਰੋਤ ਹਨ। ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਗੁਰਮਤਿ ਫ਼ਲਸਫ਼ੇ ਅਨੁਸਾਰ ਜੀਵਨ ਬਤੀਤ ਕਰੇ ਅਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਯਤੀਨਸ਼ੀਲ ਰਹੇ। ਉਨ੍ਹਾਂ ਕਿਹਾ ਕਿ ਸਿੱਖ ਕੌਮ ਅੰਦਰ ਸ਼ਹਾਦਤਾਂ ਦਾ ਵੱਡਾ ਮਹੱਤਵ ਹੈ ਜਿਸ ਪ੍ਰੇਰਣਾ ਗੁਰੂ ਸਾਹਿਬਾਨ ਵੱਲੋਂ ਪਾਏ ਪੂਰਨਿਆਂ ਤੋਂ ਮਿਲਦੀ ਹੈ। ਉਨ੍ਹਾਂ ਕਿਹਾ ਕਿ ਭਾਈ ਅਵਤਾਰ ਸਿੰਘ ਅਤੇ ਭਾਈ ਹਰਦੀਪ ਸਿੰਘ ਨੂੰ ਸਮੂਹ ਸਿੱਖ ਜਥੇਬੰਦੀਆਂ ਵੱਲੋਂ ਰਲ ਕੇ ਯਾਦ ਕੀਤਾ ਗਿਆ ਹੈ ਅਤੇ ਇਹ ਕੌਮੀ ਫਰਜ਼ ਵੀ ਹੈ।
ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਹਰਦੇਵ ਸਿੰਘ ਰੋਗਲਾ, ਸ. ਮਲਕੀਤ ਸਿੰਘ ਚੰਗਾਲ, ਸ਼੍ਰੋਮਣੀ ਕਮੇਟੀ ਸਕੱਤਰ ਸ. ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸਾਬਕਾ ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ, ਸ. ਈਮਾਨ ਸਿੰਘ ਮਾਨ, ਪੰਥ ਪ੍ਰਸਿੱਧ ਢਾਡੀ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ, ਸ. ਜਸਕਰਨ ਸਿੰਘ ਕਾਹਨਸਿੰਘ ਵਾਲਾ, ਪ੍ਰੋ. ਬਲਜਿੰਦਰ ਸਿੰਘ, ਸ. ਨਰਾਇਣ ਸਿੰਘ ਚੌੜਾ, ਸ. ਹਰਪਾਲ ਸਿੰਘ ਬਲੇਰ, ਸ. ਪਰਮਜੀਤ ਸਿੰਘ ਮੰਡ, ਸ. ਬਲਦੇਵ ਸਿੰਘ ਸਿਰਸਾ, ਸ. ਅਮਰਬੀਰ ਸਿੰਘ ਢੋਟ, ਸ. ਇਕਬਾਲ ਸਿੰਘ ਸੰਧੂ, ਭਾਈ ਬਲਵੰਤ ਸਿੰਘ ਗੋਪਾਲਾ, ਮੈਨਜਰ ਸ. ਸਤਿੰਦਰ ਸਿੰਘ, ਸ. ਯੁਵਰਾਜ ਸਿੰਘ ਆਦਿ ਮੌਜੂਦ ਸਨ।

## ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਵਿਖ਼ੇ “ਪਿਤਾ ਦਿਵਸ” ਮਨਾਇਆ ਗਿਆ।

ਵਰਲਡ ਪੰਜਾਬੀ ਟਾਈਮਜ਼
ਪਵਨ ਗੁਪਤਾ




ਅਹਿਮਦਗੜ੍ਹ 17 ਜੂਨ : ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਵੱਲੋਂ ਪਿਤਾ ਦਿਵਸ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਦੇ ਛੋਟੇ ਬੱਚਿਆਂ ਵੇਦਿਕਾ ਵਰਮਾ ਮੰਜਿਸ਼ਠਾ ਗੁਪਤਾ ਤੀਕਸ਼ਿਤਾ ਗੁਪਤਾ ਲੋਮੀਸ਼ਾ ਦਿਵਾਂਸ਼ ਪਾਰਸ ਵੰਸ਼ ਗਰਗ ਕ੍ਰਿਸ਼ੀਕਾ ਗਰਗ ਯੀਸ਼ੂ ਸੂਦ ਨੈਨਾ ਢੰਡ ਕਸ਼ਿਸ਼ ਆਦਿ ਨੇ ਮਿਲ ਕੇ ਆਪਣੇ ਪਿਤਾ ਅਤੇ ਪ੍ਰਭਾਤ ਫੇਰੀ ਵਿੱਚ ਮੌਜੂਦ ਸਾਰੇ ਪਿਤਾਵਾਂ ਲਈ ਸਰਪ੍ਰਾਈਜ਼ ਕੇਕ ਕੱਟਿਆ ਅਤੇ ਪਿਤਾ ਦਿਵਸ ਮਨਾਇਆ। ਇਸ ਮੌਕੇ ‘ਤੇ ਵੇਦਿਕਾ ਵਰਮਾ ਮੰਜਿਸ਼ਠਾ ਗੁਪਤਾ ਨੇ ਫਾਦਰਜ਼ ਡੇ ‘ਤੇ ਗੀਤ ਗਾ ਕੇ ਸਭ ਨੂੰ ਖੁਸ਼ ਕਰ ਦਿੱਤਾ | ਲੈਕਚਰਾਰ ਲਲਿਤ ਗੁਪਤਾ ਅਤੇ ਰਮਨ ਸੂਦ ਨੇ ਪਿਤਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਅਸੀਂ ਇਸ ਦਿਨ ਨੂੰ ਪਿਤਾ ਦੀ ਕੁਰਬਾਨੀ, ਸਮਰਪਣ, ਯੋਗਦਾਨ ਅਤੇ ਉਨ੍ਹਾਂ ਦੇ ਪਿਆਰ ਲਈ ਧੰਨਵਾਦ ਪ੍ਰਗਟ ਕਰਦੇ ਹੋਏ ਮਨਾਉਂਦੇ ਹਾਂ। ਸ੍ਰੀ ਲਲਿਤ ਗੁਪਤਾ ਨੇ ਕਿਹਾ ਕਿ ਧਰਤੀ ‘ਤੇ ਹਰ ਮਨੁੱਖ ਦੀ ਹੋਂਦ ਮਾਂ ਦੀ ਬਦੌਲਤ ਹੈ, ਜਦੋਂ ਕਿ ਬੱਚਿਆਂ ਦੀਆਂ ਮਨੋਕਾਮਨਾਵਾਂ ਨੂੰ ਪੂਰਾ ਕਰਨਾ ਪਿਤਾ ਦੀ ਜ਼ਿੰਮੇਵਾਰੀ ਹੈ। ਸਾਡੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਜੇਕਰ ਹਰ ਦਿਨ ਨਹੀਂ ਤਾਂ ਘੱਟੋ-ਘੱਟ ਇੱਕ ਵਾਰ ਅਸੀਂ ਆਪਣੇ ਪਿਤਾ ਨੂੰ ਸਮਰਪਿਤ ਹੋ ਕੇ ਇਸ ਦਿਨ ਨੂੰ ਤਿਉਹਾਰ ਵਾਂਗ ਮਨਾ ਸਕਦੇ ਹਾਂ। ਪ੍ਰਧਾਨ ਰਮਨ ਸੂਦ ਨੇ ਕਿਹਾ ਕਿ ਸਾਡੀ ਹਰ ਸੋਚ ਅਤੇ ਜਜ਼ਬਾਤ ਪਿੱਛੇ ਸਾਡੇ ਪਿਤਾ ਜੀ ਵੱਲੋਂ ਬੀਜੀਆਂ ਕਦਰਾਂ-ਕੀਮਤਾਂ ਦਾ ਬੀਜ ਹੁੰਦਾ ਹੈ, ਜਿਸ ਕਾਰਨ ਅਸੀਂ ਚੰਗੇ ਇਨਸਾਨ ਦੀ ਸ਼੍ਰੇਣੀ ਵਿੱਚ ਆਉਂਦੇ ਹਾਂ। ਇਸ ਲਈ ਪਿਤਾ ਦਿਵਸ ਮਨਾਉਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਇਸ ਮੌਕੇ ਤੇਜ ਕਾਂਸਲ, ਹੈਪੀ ਬਾਬਾ ਜੀ, ਸੰਜੀਵ ਪਾਰਸ ਜਵੈਲਰ, ਤਰੁਣ ਸਿੰਗਲਾ ਗੋਲਡੀ ਗਰਗ ਸਰਿਤਾ ਸੋਫਤ, ਨੈਨਸੀ ਜਿੰਦਲ, ਵੰਦਨਾ ਗਰਗ, ਰਿਤੂ ਗੋਇਲ, ਸ਼ਸ਼ੀ ਜੋਸ਼ੀ, ਸ਼ਾਰਦਾ ਸਿੰਗਲਾ, ਵੇਦਿਕਾ ਵਰਮਾ, ਮੰਜਿਸ਼ਠਾ ਗੁਪਤਾ, ਮੀਨਾਕਸ਼ੀ ਗੁਪਤਾ, ਰੀਟਾ ਰਾਣੀ, ਵਨੀਤਾ ਵਰਮਾ ਸੁਸ਼ਮਾ ਵਰਮਾ, ਰਮੇਸ਼ ਘਈ, ਮਨੋਜ ਸ਼ਰਮਾ, ਸ਼ੁਭਮ ਕੁਮਾਰ, ਰਿੰਕੂ ਸੂਦ, ਪਵਨ ਸੂਦ, ਰਮੇਸ਼ ਸਿੰਗਲਾ, ਰਜਿੰਦਰ ਗੋਇਲ, ਦੀਪਕ ਸਿੰਗਲਾ, ਰਾਜੂ ਸਿੰਗਲਾ, ਸੁਨੀਤਾ ਜੋਸ਼ੀ, ਰਕਸ਼ਾ ਜੋਸ਼ੀ, ਅਨਿਲ ਜੋਸ਼ੀ ਸੇਠੀ ਇਲੈਕਟ੍ਰੀਕਲ, ਰਾਜੇਸ਼ ਜੋਸ਼ੀ ਹੈਪੀ, ਰਮਨ ਸੂਦ, ਤਰੁਣ ਸਿੰਗਲਾ, ਲੈਕਚਰਾਰ ਲਲਿਤ ਗੁਪਤਾ, ਸੁਮਿਤ ਗਰਗ, ਸਰਿਤਾ ਗਰਗ ਆਦਿ ਹਾਜ਼ਰ ਸਨ। ਇੱਥੇ ਇਹ ਵਿਸ਼ੇਸ਼ ਤੌਰ ‘ਤੇ ਵਰਨਣਯੋਗ ਹੈ ਕਿ ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਪਿਛਲੇ 7 ਸਾਲਾਂ ਤੋਂ ਹਰ ਰੋਜ਼ ਸਵੇਰੇ 5:15 ਵਜੇ ਦੁਰਗਾ ਮਾਤਾ ਮੰਦਿਰ ਤੋਂ ਪ੍ਰਭਾਤ ਫੇਰੀ ਕੱਢਦਾ ਆ ਰਿਹਾ ਹੈ।

## 1550 ਸੀਟਾਂ ਲਈ ਐੱਮ.ਬੀ.ਬੀ.ਐੱਸ. ਵਿੱਚ ਦਾਖਲੇ ਸਬੰਧੀ ਕਾਉਂਸਲਿੰਗ ਦੀ ਤਿਆਰੀ

### ਪੰਜਾਬ ’ਚ 4 ਸਰਕਾਰੀ ਅਤੇ 6 ਪ੍ਰਾਈਵੇਟ ਕਾਲਜਾਂ ਦੀਆਂ ਹਨ ਕੁੱਲ ਸੀਟਾਂ : ਡਾ. ਰਾਜੀਵ ਸੂਦ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ , 17 ਜੂਨ : ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਨੇ ਸੂਬੇ ਦੇ 4 ਸਰਕਾਰੀ ਅਤੇ 6 ਨਿੱਜੀ ਮੈਡੀਕਲ ਕਾਲਜਾਂ ’ਚ ਐੱਮ.ਬੀ.ਬੀ.ਐੱਸ. ਕੋਰਸ ਦੀਆਂ 1550 ਸੀਟਾਂ ਲਈ ਕਾਉਂਸਲਿੰਗ ਦੀ ਤਿਆਰੀ ਕਰ ਲਈ ਹੈ। ‘ਨੀਟ’ ਯੂ.ਜੀ. ਦੇ ਇਮਤਿਹਾਨਾ ਦੇ ਨਤੀਜਿਆਂ ਨੂੰ ਲੈ ਕੇ ਪੈਦਾ ਹੋਏ ਵਿਵਾਦ ਕਾਰਨ ਯੂਨੀਵਰਸਿਟੀ ਨੇ ਅਜੇ ਤੱਕ ਦਾਖਲੇ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਹੈ, ਕਿਉਂਕਿ ਨਤੀਜਿਆਂ ਦਾ ਮਾਮਲਾ ਕਲੀਅਰ ਹੁੰਦਿਆਂ ਹੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ। ਪਿਛਲੇ ਸਾਲ ਦੀ ਤਰਾਂ ਇਸ ਵਾਰ ਵੀ ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਮੈਡੀਕਲ ਕਾਲਜਾਂ ’ਚ ਐੱਮ.ਬੀ.ਬੀ.ਐੱਸ. ਸੀਟਾਂ ’ਤੇ ਦਾਖਲਿਆਂ ਲਈ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਨੂੰ ਅਧਿਕਾਰ ਦਿੱਤੇ ਸਨ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਜੀਵ ਸੂਦ ਮੁਤਾਬਿਕ ਐੱਮ.ਬੀ.ਬੀ.ਐੱਸ. ਸੀਟਾਂ ਨੂੰ ਭਰਨ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ, ਜਲਦ ਦਾਖਲੇ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ। ਉਹਨਾ ਦੱਸਿਆ ਕਿ ਪਿਛਲੇ ਸਾਲ 25 ਹਜਾਰ ਪ੍ਰੀਖਿਆਰਥੀਆਂ ਨੇ ਦਾਖਲਿਆਂ ਲਈ ਅਰਜੀਆਂ ਭੇਜੀਆਂ ਸਨ। ਜਿਕਰਯੋਗ ਹੈ ਕਿ 4 ਸਰਕਾਰੀ ਕਾਲਜਾਂ ਕ੍ਰਮਵਾਰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ 150 ਸੀਟਾਂ, ਸਰਕਾਰੀ ਰਜਿੰਦਰਾ ਮੈਡੀਕਲ ਕਾਲਜ ਪਟਿਆਲਾ ਵਿਖੇ 250, ਗੁਰੂ ਨਾਨਕ ਦੇਵ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ 250, ਡਾ. ਬੀ.ਆਰ. ਅੰਬੇਦਕਰ ਮੈਡੀਕਲ ਕਾਲਜ ਮੋਹਾਲੀ ਵਿਖੇ 100, ਜਦਕਿ ਵੱਖ ਵੱਖ ਟਰੱਸਟਾਂ ਅਧੀਨ ਚੱਲਦੇ 6 ਨਿੱਜੀ ਕਾਲਜਾਂ ਕ੍ਰਮਵਾਰ ਆਦੇਸ਼ ਮੈਡੀਕਲ ਕਾਲਜ ਬਠਿੰਡਾ ਵਿਖੇ 150, ਲੁਧਿਆਣਾ ਦੇ ਸੀ.ਐੱਮ.ਸੀ. ਅਤੇ ਡੀ.ਐੱਮ.ਸੀ. ਵਿਖੇ 100, ਗਿਆਨ ਸਾਗਰ ਮੈਡੀਕਲ ਕਾਲਜ ਬਨੂੜ ਵਿਖੇ 150, ਪਿੰਗਜ ਜਲੰਧਰ ਵਿਖੇ 100, ਗੁਰੂ ਰਾਮਦਾਸ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ 150, ਚਿੰਤਪੁਰਨੀ ਮੈਡੀਕਲ ਕਾਲਜ ਪਠਾਨਕੋਟ ਵਿਖੇ 150 ਸੀਟਾਂ ਹਨ।

## ਡਾ. ਅਮਨ ਅੱਚਰਵਾਲ ਦਾ ਕਾਵਿ ਸੰਗ੍ਰਹਿ ‘ਲੀਹਾਂ’ ਕੀਤਾ ਲੋਕ ਅਰਪਣ

### ਲੇਖਕ ਤੇ ਪੱਤਰਕਾਰ ਐੱਸ. ਅਸ਼ੋਕ ਭੌਰਾ ਦਾ ਹੋਇਆ ਵਿਸ਼ੇਸ਼ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ

ਲੁਧਿਆਣਾ 17 ਜੂਨ : ਮਹਿਫ਼ਲ-ਏ-ਅਦੀਬ ਸੰਸਥਾ ਜਗਰਾਉਂ ਵਲੋਂ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਦੀ ਅਗਵਾਈ ਹੇਠ ਸੰਸਥਾ ਦੀ ਮਹੀਨਾਵਾਰ ਇਕੱਤਰਤਾ ਸ਼ਹੀਦ ਨਛੱਤਰ ਸਿੰਘ ਯਾਦਗਾਰੀ ਹਾਲ ਜਗਰਾਉਂ ਵਿਖੇ ਹੋਈ ਜਿਸ ਵਿਚ ਪ੍ਰਸਿੱਧ ਅੰਤਰ-ਰਾਸ਼ਟਰੀ ਪੱਤਰਕਾਰ ਅਤੇ ਸਾਹਿਤਕਾਰ ਐੱਸ. ਅਸ਼ੋਕ ਭੌਰਾ ਮੁੱਖ ਮਹਿਮਾਨ ਵਜੋਂ ਪੁੱਜੇ। ਜਦਕਿ ਪ੍ਰਸਿੱਧ ਨਾਵਲਕਾਰ ਮਿੱਤਰ ਸੈਨ ਮੀਤ, ਪ੍ਰਸਿੱਧ ਆਲੋਚਕ ਡਾ. ਸੁਰਜੀਤ ਬਰਾੜ, ਸ਼੍ਰੋਮਣੀ ਗੀਤਕਾਰ ਅਮਰੀਕ ਸਿੰਘ ਤਲਵੰਡੀ ਅਤੇ ਸਾਬਕਾ ਐੱਸ. ਡੀ. ਐਮ. ਹਰਚਰਨ ਸਿੰਘ ਸੰਧੂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ





ਹੋਏ। ਜਨਰਲ ਸਕੱਤਰ ਜਸਵਿੰਦਰ ਸਿੰਘ ਛਿੰਦਾ ਨੇ ਅੱਜ ਦੀ ਇਕੱਤਰਤਾ ’ਤੇ ਚਾਨਣਾ ਪਾਇਆ ਅਤੇ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਉਪਰੰਤ ਸਮੂਹ ਮਹਿਮਾਨਾਂ ਅਤੇ ਸੰਸਥਾ ਦੇ ਅਦੀਬਾਂ ਨੇ ਸਾਂਝੇ ਤੌਰ ’ਤੇ ਡਾ. ਅਮਨ ਅੱਚਰਵਾਲ ਦੇ ਦੂਜੇ ਕਾਵਿ ਸੰਗ੍ਰਹਿ ‘ਲੀਹਾਂ’ ਨੂੰ ਲੋਕ ਅਰਪਣ ਕੀਤਾ।
ਇਸ ਮੌਕੇ ਅਮਰੀਕ ਸਿੰਘ ਤਲਵੰਡੀ, ਹਰਚਰਨ ਸਿੰਘ ਸੰਧੂ, ਮਿੱਤਰ ਸੈਨ ਮੀਤ, ਡਾ. ਬਲਦੇਵ ਸਿੰਘ ਸਾਬਕਾ ਡਿਪਟੀ ਡਾਇਰੈਕਟਰ, ਡਾ. ਸੁਰਜੀਤ ਬਰਾੜ, ਮਿੱਤਰ ਨੇ ਡਾ. ਅਮਨ ਅੱਚਰਵਾਲ ਨੂੰ ਉਨ੍ਹਾਂ ਦੇ ਦੂਜੇ ਕਾਵਿ ਸੰਗ੍ਰਹਿ ‘ਲੀਹਾਂ’ ਲਈ ਵਧਾਈਆਂ ਦਿੱਤੀਆਂ ਅਤੇ ਪ੍ਰਸੰਸਾ ਕਰਦਿਆਂ ਕਿਹਾ ਕਿ ਉਨਾਂ ਦੇ ਗੀਤਾਂ ਵਿਚ ਲੋਕ ਹਿਤ ਦੀ ਖੁਸ਼ਬੂ ਆਉਂਦੀ ਹੈ ਅਤੇ ਉਹ ਇਕ ਪ੍ਰੋੜ ਅਤੇ ਸਮਾਜ ਲਈ ਫਿਕਰਮੰਦ ਗੀਤਕਾਰਾਂ ਦੀ ਕਤਾਰ ਵਿਚ ਸ਼ਾਮਲ ਹੋਏ ਹਨ। ਅਜਿਹੇ ਗੀਤਕਾਰਾਂ ਦੀ ਸਮਾਜ ਨੂੰ ਵੱਡੀ ਲੋੜ ਹੈ। ਇਸ ਉਪਰੰਤ ਮੁੱਖ ਮਹਿਮਾਨ ਐੱਸ. ਅਸ਼ੋਕ ਭੌਰਾ ਦਾ ਸੰਸਥਾ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਨੇ ਇਸ ਮੌਕੇ ਸੰਬੋਧਨ ਕਰਦਿਆਂ ਜਿੱਥੇ ਡਾ. ਅੱਚਰਵਾਲ ਨੂੰ ਵਧਾਈਆਂ ਦਿੱਤੀਆਂ ਉੱਥੇ ਉਨਾਂ ਨੇ ਕਿਹਾ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਮੌਜੂਦਾ ਸਮੇਂ ਵਿਚ ਅਸੀਂ ਇਖ਼ਲਾਕੀ ਤੌਰ ’ਤੇ ਟੁੱਟ ਰਹੇ ਹਨ, ਆਪਸੀ ਪਰਿਵਾਰਕ ਰਿਸ਼ਤਿਆਂ ਵਿਚ ਤਰੇੜਾਂ ਪੈ ਰਹੀਆਂ ਹਨ। ਜੋ ਕਿ ਸਾਡੇ ਲਈ ਬਹੁਤ ਗੰਭੀਰ ਵਿਸ਼ਾ ਹੈ।ਇਸ ਦੇ ਕਾਰਨਾਂ ਦੀ ਪੜਚੋਲ ਕਰਨੀ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਨੂੰ ਇਨ੍ਹਾਂ ਮਸਲਿਆਂ ’ਤੇ ਵਿਚਾਰ ਗੋਸ਼ਟੀਆਂ ਕਰਕੇ ਕਾਰਨ ਅਤੇ ਉਨ੍ਹਾਂ ਦੇ ਹੱਲ ਲੱਭਣ ਦੇ ਯਤਨ ਕਰਨੇ ਚਾਹੀਦੇ ਹਨ। ਉਨਾਂ ਨੇ ਮਹਿਿਫ਼ਲ-ਏ-ਅਦੀਬ ਸੰਸਥਾ ਦੇ ਇਸ ਉਪਰਾਲੇ ਅਤੇ ਉਨਾਂ ਦੇ ਕੀਤੇ ਸਨਮਾਨ ਲਈ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ।
ਡਾ. ਅਮਨ ਅੱਚਰਵਾਲ ਦਾ ਵੀ ਸੰਸਥਾ, ਪੰਚਾਇਤ ਅਤੇ ਪਰਿਵਾਰਕ ਮੈਂਬਰਾਂ ਵਲੋਂ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ ਗਿਆ। ਉਪਰੰਤ ਕਵੀ ਦਰਬਾਰ ਦੌਰਾਨ ਜਸਵੰਤ ਭਾਰਤੀ, ਮੁਨੀਸ਼ ਸਰਗਮ, ਕਾਨਤਾ ਦੇਵੀ, ਚਰਨਜੀਤ ਕੌਰ ਗਗੜਾ, ਡਾ. ਬਲਦੇਵ ਸਿੰਘ, ਅਵਤਾਰ ਸਿੰਘ ਭੁੱਲਰ, ਮਹਿੰਦਰ ਸਿੰਘ ਸੰਧੂ ਨੇ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਕੀਤੀ। ਆਖ਼ਿਰ ਵਿਚ ਪ੍ਰਧਾਨ ਰਛਪਾਲ ਸਿੰਘ ਚਕਰ ਨੇ ਆਏ ਸਾਰੇ ਮਹਿਮਾਨਾਂ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰਭਦੀਪ ਸਿੰਘ ਅੱਚਰਵਾਲ, ਤਰਲੋਚਨ ਸਿੰਘ, ਚਮਕੌਰ ਸਿੰਘ ਸਾਬਕਾ ਸਰਪੰਚ ਅੱਚਰਵਾਲ, ਬਲਵੀਰ ਸਿੰਘ ਸਾਬਕਾ ਸਰਪੰਚ ਅੱਚਰਵਾਲ, ਪ੍ਰੇਮ ਸਿੰਘ ਭੁੱਲਰ, ਰੂਮੀ ਰਾਜ, ਗੁਰਜੰਟ ਸਿੰਘ, ਜੀਵਨ ਸਿੰਘ, ਹਰਭਜਨ ਸਿੰਘ, ਗੁਰਪ੍ਰੀਤ ਸਿੰਘ, ਡਾ. ਲਾਲ ਸਿੰਘ ਮਾਣੂੰਕੇ, ਬਲਵੀਰ ਕੌਰ ਪਤਨੀ ਡਾ. ਅਮਨ ਅੱਚਰਵਾਲ, ਅਮਰਜੀਤ ਕੌਰ, ਕਰਮਜੀਤ ਕੌਰ ਸਾਬਕਾ ਸਰਪੰਚ, ਪਲਵਿੰਦਰ ਸਿੰਘ ਝੋਰੜਾਂ ਆਦਿ ਹਾਜ਼ਰ ਸਨ।

## ਚੇਅਰਮੈਨ ਏਆਈਪੀਈਐਫ ਨੇ ਮੁੱਖ ਮੰਤਰੀ ਮਾਨ ਨੂੰ ਬਿਜਲੀ ਦੀ ਬੇਕਾਬੂ ਸਥਿਤੀ ਤੋਂ ਬਚਣ ਲਈ ਪੰਜਾਬ ਵਿੱਚ ਪਾਬੰਦੀਆਂ ਲਗਾਉਣ, ਮੁਫਤ ਬਿਜਲੀ ਨੀਤੀ ਦੀ ਸਮੀਖਿਆ ਕਰਨ ਦਾ ਸੁਝਾਅ ਦਿੱਤਾ

ਵਰਲਡ ਪੰਜਾਬੀ ਟਾਈਮਜ਼



ਪਟਿਆਲ਼ਾ 17 ਜੂਨ : ਆਲ ਇੰਡੀਆ ਪਾਵਰ ਇੰਜਨੀਅਰਜ਼ ਫੈਡਰੇਸ਼ਨ (ਏ.ਆਈ.ਪੀ.ਈ.ਐਫ.) ਦੇ ਚੇਅਰਮੈਨ ਸ਼ੈਲੇਂਦਰ ਦੂਬੇ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਵਿੱਚ ਬਿਜਲੀ ਸੰਕਟ ਦੀ ਸਥਿਤੀ ਤੋਂ ਬਚਣ ਲਈ ਤੁਰੰਤ ਕਦਮ ਚੁੱਕਣ ਲਈ ਪੱਤਰ ਲਿਖਿਆ ਹੈ।

ਦੂਬੇ ਨੇ ਆਪਣੇ ਪੱਤਰ ਵਿੱਚ ਕਿਹਾ, “ਇਹ ਮੇਰੇ ਪੱਤਰ ਨੰਬਰ ਦੀ ਨਿਰੰਤਰਤਾ ਵਿੱਚ ਹੈ।
36- ਹੀਟਵੇਵ ਮਿਤੀ 03.06.2024, ਪ੍ਰਧਾਨ ਮੰਤਰੀ ਨੂੰ ਸੰਬੋਧਿਤ ਕੀਤਾ ਅਤੇ ਤੁਹਾਡੇ ਚੰਗੇ ਸਵੈ ਦਾ ਸਮਰਥਨ ਕੀਤਾ।
ਜਦੋਂ ਕਿ ਬਿਜਲੀ ਦੀ ਉਪਲਬਧਤਾ ਅਤੇ ਸਪਲਾਈ ਦੀ ਸਥਿਤੀ ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਹੈ, ਨਾ ਤਾਂ ਭਾਰਤ ਸਰਕਾਰ ਅਤੇ ਨਾ ਹੀ ਕਿਸੇ ਰਾਜ ਸਰਕਾਰ ਨੇ ਬਿਜਲੀ ਦੀ ਮੰਗ ਨੂੰ ਕੰਟਰੋਲ ਕਰਨ ਲਈ ਕਦਮ ਚੁੱਕੇ ਹਨ।
ਜੇਕਰ ਸਥਿਤੀ ਇਸੇ ਤਰ੍ਹਾਂ ਚਲਦੀ ਰਹਿੰਦੀ ਹੈ, ਤਾਂ ਗਰਿੱਡ ਵਿੱਚ ਗੜਬੜੀ ਹੋਣ ਦੀ ਕਾਫ਼ੀ ਸੰਭਾਵਨਾ ਹੈ।
ਪੰਜਾਬ ਰਾਜ ਵਿੱਚ, 1 ਤੋਂ 15 ਜੂਨ, 2024 ਦਰਮਿਆਨ ਬਿਜਲੀ ਦੀ ਖਪਤ 2023 ਦੀ ਇਸੇ ਮਿਆਦ ਦੇ ਮੁਕਾਬਲੇ 43% ਵੱਧ ਗਈ ਹੈ, ਜਦੋਂ ਕਿ ਵੱਧ ਤੋਂ ਵੱਧ ਮੰਗ ਜੂਨ 2023 ਵਿੱਚ 11309MW ਤੋਂ ਵੱਧ ਕੇ ਜੂਨ 2024 ਵਿੱਚ 15775MW ਹੋ ਗਈ ਹੈ।
ਪੂਰੇ ਪੰਜਾਬ ਵਿੱਚ ਝੋਨੇ ਦੀ ਕਾਸ਼ਤ ਕਾਰਨ ਜੂਨ ਦੇ ਅੰਤ ਤੱਕ ਖੇਤੀ ਲੋਡ ਵਧਣ ਦੀ ਸੰਭਾਵਨਾ, ਬਿਜਲੀ ਦੀ ਬੇਕਾਬੂ ਸਥਿਤੀ ਪੈਦਾ ਹੋ ਸਕਦੀ ਹੈ।
ਦੂਬੇ ਨੇ ਅੱਗੇ ਕਿਹਾ, “AIPEF ਤੁਹਾਨੂੰ ਭਾਰਤ ਵਿੱਚ ਸਭ ਤੋਂ ਕੁਸ਼ਲ ਅਤੇ ਲੋਕ-ਪੱਖੀ ਮੁੱਖ ਮੰਤਰੀ ਮੰਨਦਾ ਹੈ ਅਤੇ ਇਸ ਤਰ੍ਹਾਂ ਤੁਹਾਨੂੰ ਸਾਡੇ ਉਪਰੋਕਤ ਪੱਤਰ ਵਿੱਚ ਸੂਚੀਬੱਧ ਬਿਜਲੀ ਦੀ ਖਪਤ ਨੂੰ ਕੰਟਰੋਲ ਕਰਨ ਲਈ ਪਹਿਲਕਦਮੀਆਂ ਦੀ ਅਗਵਾਈ ਕਰਨ ਦੀ ਬੇਨਤੀ ਕਰਦਾ ਹੈ।

AIPEF ਦੇ ਚੇਅਰਮੈਨ ਨੇ ਮੁੱਖ ਮੰਤਰੀ ਮਾਨ ਨੂੰ ਬਿਜਲੀ ਦੀ ਬੇਕਾਬੂ ਸਥਿਤੀ ਤੋਂ ਬਚਣ ਲਈ ਪੰਜਾਬ ਵਿੱਚ ਪਾਬੰਦੀਆਂ ਲਗਾਉਣ, ਮੁਫਤ ਬਿਜਲੀ ਨੀਤੀ ਦੀ ਸਮੀਖਿਆ ਕਰਨ ਦਾ ਸੁਝਾਅ ਦਿੱਤਾ।
ਦੂਬੇ ਨੇ ਕਿਹਾ ਕਿ ਸਾਡੀ ਰਾਏ ਵਿੱਚ, ਸਥਿਤੀ ਗੰਭੀਰ ਹੋਣ ਜਾ ਰਹੀ ਹੈ ਜੇਕਰ ਹੇਠਾਂ ਦਿੱਤੇ ਇਨ੍ਹਾਂ ਕਦਮਾਂ ਨੂੰ ਤੁਰੰਤ ਲਾਗੂ ਕੀਤਾ ਜਾਂਦਾ ਹੈ:

ਦਫ਼ਤਰ ਦਾ ਸਮਾਂ ਸਵੇਰੇ 7 ਵਜੇ ਤੋਂ ਦੁਪਹਿਰ 2 ਵਜੇ ਤੱਕ ਬਦਲਿਆ ਜਾਵੇ।

ਸਾਰੇ ਵਪਾਰਕ ਅਦਾਰੇ, ਮਾਲ, ਦੁਕਾਨਾਂ ਸ਼ਾਮ 7 ਵਜੇ ਬੰਦ ਹੋਣੀਆਂ ਚਾਹੀਦੀਆਂ ਹਨ।

ਉਦਯੋਗਾਂ ‘ਤੇ ਪੀਕ ਲੋਡ ਪਾਬੰਦੀਆਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ।

ਪੰਜਾਬ ਰਾਜ ਦੇ ਬਾਕੀ ਰਹਿੰਦੇ ਖੇਤਰਾਂ ਵਿੱਚ ਝੋਨੇ ਦੀ ਬਿਜਾਈ 25 ਜੂਨ ਨੂੰ ਕੀਤੀ ਜਾਵੇ ਅਤੇ ਕਿਸੇ ਨੂੰ ਵੀ ਤਰੀਕ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ।
ਪੂਸਾ 44 ਵਰਗੀਆਂ ਪਾਣੀ ਦੀਆਂ ਗੰਧਲੀਆਂ ਕਿਸਮਾਂ ‘ਤੇ ਪਾਬੰਦੀ ਲਗਾਈ ਜਾਵੇ ਅਤੇ 90 ਦਿਨਾਂ ਵਿੱਚ ਪੱਕਣ ਵਾਲੀਆਂ ਪੀਆਰ 126, ਬਾਸਮਤੀ ਆਦਿ ਕਿਸਮਾਂ ਨੂੰ ਉਤਸ਼ਾਹਿਤ ਕੀਤਾ ਜਾਵੇ।

NSA ਦੇ ਤਹਿਤ ਬਿਜਲੀ ਦੀ ਚੋਰੀ ਨੂੰ ਅਪਰਾਧ ਵਜੋਂ ਕਵਰ ਕੀਤਾ ਜਾਣਾ ਚਾਹੀਦਾ ਹੈ।

ਰਾਜ ਦੀ ਨੀਤੀ ਵਜੋਂ ਮੁਫਤ ਬਿਜਲੀ ਦੀ ਤੁਰੰਤ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ।

ਕੇਂਦਰੀ ਪੂਲ ਤੋਂ ਘੱਟੋ-ਘੱਟ 1000MW ਵਾਧੂ ਬਿਜਲੀ ਦੀ ਅਲਾਟਮੈਂਟ ਕਰਨ ਲਈ ਭਾਰਤ ਸਰਕਾਰ ਦੇ ਬਿਜਲੀ ਮੰਤਰੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਤੇ ਵਿਸ਼ੇਸ਼



ਵਰਲਡ ਪੰਜਾਬੀ ਟਾਈਮਜ਼
ਪੂਜਾ ਸ਼ਰਮਾ

ਮਨੁੱਖੀ ਜ਼ਿੰਦਗੀ ਦੇ ਤਿੰਨ ਪੜਾਅ ਹਨ:ਬਚਪਨ, ਜਵਾਨੀ ਅਤੇ ਬੁਢਾਪਾ। ਬੁਢਾਪਾ ਜ਼ਿੰਦਗੀ ਦਾ ਆਖਰੀ ਪੜਾਅ ਹੈ ਜਿਸ ਨੂੰ ਕਿ ਆਮ ਤੌਰ ਤੇ ਮਨੁੱਖ ਬੜੇ ਸੰਘਰਸ਼ਾਂ ਨਾਲ ਗੁਜ਼ਾਰਦਾ ਹੈ। ਬਜ਼ੁਰਗ ਬੋਹੜ ਦੇ ਉਸ ਰੁੱਖ ਵਾਂਗ ਹੁੰਦੇ ਹਨ ਜਿਸ ਦੀ ਘਣੀ ਛਾਂ ਹੇਠ ਬੱਚੇ ਅਤੇ ਉਹਨਾਂ ਦਾ ਪਰਿਵਾਰ ਵੱਧਦਾ ਫੁੱਲਦਾ ਹੈ। ਇਹ ਸਾਡੇ ਘਰਾਂ ਦੀਆਂ ਉਹ ਮਜਬੂਤ ਨੀਹਾਂ ਹਨ ਜਿਨਾਂ ਉੱਤੇ ਸਾਡੇ ਭਵਿੱਖ ਰੂਪੀ ਘਰ ਦੀਆਂ ਇਮਾਰਤਾਂ ਖੜੀਆਂ ਹੁੰਦੀਆਂ ਹਨ। ਇਹਨਾਂ ਦੇ ਅਨੁਭਵ ਆਪਣੇ ਬੱਚਿਆਂ ਦੇ ਹਨੇਰੇ ਰਾਹਾਂ ਨੂੰ ਰੁਸ਼ਨਾਉਂਦੇ ਹਨ। ਇਸ ਲਈ ਬਜ਼ੁਰਗ ਸਾਡੀ ਅਸਲੀ ਪੂੰਜੀ ਅਤੇ ਸਰਮਾਇਆ ਹਨ ਜਿਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਸੰਭਾਲ ਕੇ ਰੱਖਣ ਦੀ ਜਰੂਰਤ ਹੈ। ਪਰ ਅੱਜ ਕੱਲ ਦੇ ਸਮੇਂ ਵਿੱਚ ਬਜ਼ੁਰਗਾਂ ਨੂੰ ਮਾਨ ਸਤਿਕਾਰ ਅਤੇ ਪਿਆਰ ਦੀ ਥਾਂ ਅਪਮਾਨ, ਸ਼ੋਸ਼ਣ ਅਤੇ ਦੁਰਵਿਵਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੂਰੇ ਵਿਸ਼ਵ ਵਿੱਚ ਬਜ਼ੁਰਗਾਂ ਨਾਲ ਵੱਧ ਰਹੇ ਸ਼ੋਸ਼ਣ, ਵਿਤਕਰੇ ਅਤੇ ਦੁਰਵਿਵਹਾਰ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਅਤੇ ਬਜ਼ੁਰਗ ਲੋਕਾਂ ਦੇ ਅਧਿਕਾਰਾਂ ਨੂੰ ਉਜਾਗਰ ਕਰਨ ਦੇ ਉਦੇਸ਼ ਨਾਲ ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਦੀ ਸਥਾਪਨਾ ਇੰਟਰਨੈਸ਼ਨਲ ਨੈਟਵਰਕ ਫਾਰ ਪ੍ਰੀਵੈਂਸ਼ਨ ਆਫ ਐਲਡਰ ਅਬਿਊਜ ਦੁਆਰਾ 2006 ਵਿੱਚ ਕੀਤੀ ਗਈ। ਸੰਯੁਕਤ ਰਾਸ਼ਟਰ ਮਹਾਸਭਾ ਨੇ 2011 ਵਿੱਚ ਇਸ ਨੂੰ ਮਾਨਤਾ ਦਿੱਤੀ ਅਤੇ ਹਰ ਸਾਲ 15 ਜੂਨ ਨੂੰ ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਵਜੋਂ ਮਨਾਉਣ ਲਈ ਐਲਾਨ ਕੀਤਾ। ਇਹ ਦਿਵਸ ਮਨਾਉਣ ਦਾ ਮੁੱਖ ਉਦੇਸ਼ ਬਜ਼ੁਰਗਾਂ ਨਾਲ ਹੋ ਰਹੀ ਬੱਦਸਲੂਕੀ, ਇਸ ਦੀਆਂ ਕਿਸਮਾਂ ਅਤੇ ਇਸ ਨੂੰ ਕਿਵੇਂ ਪਛਾਣਨਾ ਹੈ ਇਸ ਦੇ ਬਾਰੇ ਜਨਤਾ ਨੂੰ ਸਿੱਖਿਆ ਦੇਣਾ, ਵਿਅਕਤੀਆਂ ਨੂੰ ਬਜ਼ੁਰਗਾਂ ਨਾਲ ਦੁਰਵਿਵਹਾਰ ਦੀ ਰਿਪੋਰਟ ਕਰਨ ਲਈ ਉਤਸਾਹਿਤ ਕਰਨਾ, ਬਜ਼ੁਰਗਾਂ ਦੀ ਸੁਰੱਖਿਆ ਲਈ ਬਣਾਏ ਹੋਏ ਕਾਨੂੰਨ, ਨੀਤੀਆਂ ਅਤੇ ਸਹਾਇਤਾ ਸੇਵਾਵਾਂ ਦੀ ਮੰਗ ਕਰਨਾ ਅਤੇ ਰੂੜੀਵਾਦੀ ਧਾਰਨਾਵਾਂ ਨੂੰ ਚੁਣੌਤੀ ਦੇਣਾ ਹੈ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਬਜ਼ੁਰਗ ਦੁਰਵਿਵਹਾਰ ਨੂੰ ਇੱਕ ਨੁਕਸਾਨ ਦੇਹ ਜਾਂ ਦੁੱਖਦਾਈ ਕਾਰਵਾਈ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਇਕ ਅਜਿਹੇ ਰਿਸ਼ਤੇ ਵਿੱਚ ਵਾਪਰਦਾ ਹੈ ਜਿੱਥੇ ਵਿਸ਼ਵਾਸ ਦੀ ਉਮੀਦ ਹੁੰਦੀ ਹੈ। ਇਹ ਸਰੀਰਕ, ਮਨੋਵਿਗਿਆਨਕ, ਭਾਵਨਾਤਮਕ, ਜਿਨਸੀ ਅਤੇ ਵਿੱਤੀ ਸ਼ੋਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਹੋ ਸਕਦਾ ਹੈ। ਬਜ਼ੁਰਗਾਂ ਨਾਲ ਦੁਰਵਿਵਹਾਰ ਜਾਣ ਬੁਝ ਕੇ ਜਾਂ ਅਨਜਾਨ ਅਣਗਹਿਲੀ ਦੇ ਨਤੀਜੇ ਵਜੋਂ ਵੀ ਹੋ ਸਕਦਾ ਹੈ। ਜਿੱਥੇ ਬਜ਼ੁਰਗ ਵਿਅਕਤੀਆਂ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਹਨ। ਬਜ਼ੁਰਗ ਬਾਲਗਾਂ ਦੀ ਭਲਾਈ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬਜ਼ੁਰਗਾਂ ਨਾਲ ਦੁਰਵਿਵਹਾਰ ਨੂੰ ਹੱਲ ਕਰਨਾ ਅਤੇ ਰੋਕਣਾ ਮਹੱਤਵਪੂਰਨ ਹੈ।

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦੇ ਅਨੁਸਾਰ ਪੂਰੇ ਵਿਸ਼ਵ ਵਿਚ 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਰੇਕ ਛੇ ਵਿੱਚੋਂ ਇੱਕ ਵਿਅਕਤੀ ਨੇ ਪਿਛਲੇ ਸਾਲ ਕਮਿਊਨਿਟੀ ਸੈਂਟਰਾਂ ਵਿੱਚ ਕਿਸੇ ਕਿਸਮ ਦੇ ਦੁਰਵਿਵਹਾਰ ਦਾ ਅਨੁਭਵ ਕੀਤਾ ਹੈ। 2019 ਅਤੇ 2030 ਦੇ ਵਿਚਕਾਰ 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀਆਂ ਦੀ ਵਿਸ਼ਵ ਵਿਆਪੀ ਆਬਾਦੀ 38% ਵਧਣ ਦਾ ਅਨੁਮਾਨ ਹੈ ਜੋ 1.4 ਬਿਲੀਅਨ ਤੱਕ ਪਹੁੰਚ ਜਾਵੇਗਾ।

ਭਾਰਤ ਵਿੱਚ ਬਜ਼ੁਰਗਾਂ ਨਾਲ ਬਦਸਲੂਕੀ ਬਾਰੇ ਜਾਗਰੂਕਤਾ ਬਹੁਤ ਘੱਟ ਹੈ। ਆਮ ਤੌਰ ਤੇ ਘਰਾਂ ਅਤੇ ਨਰਸਿੰਗ ਹੋਮਾਂ ਦੀਆਂ ਕੰਧਾਂ ਦੇ ਅੰਦਰ ਪਰਿਵਾਰਕ ਮੈਂਬਰ ਅਤੇ ਦੇਖਭਾਲ ਕਰਨ ਵਾਲੇ ਵਿਅਕਤੀ ਦੁਰ ਵਿਵਹਾਰ ਨੂੰ ਅੰਜਾਮ ਦਿੰਦੇ ਹਨ। 2014 ਵਿੱਚ ਕੀਤੇ ਗਏ ਇੱਕ ਸਰਵੇਖਣ ਅਨੁਸਾਰ ਭਾਰਤ ਦੇ ਅੱਧੇ ਬਜ਼ੁਰਗ ਵਿਅਕਤੀਆਂ ਨੇ ਦੁਰ ਵਿਵਹਾਰ ਦਾ ਅਨੁਭਵ ਕੀਤਾ ਜਿਸ ਵਿੱਚ 77% ਨੇ ਆਪਣੇ ਪਰਿਵਾਰਾਂ ਵਿੱਚ ਦੁਰ ਵਿਵਹਾਰ ਦੀ ਪਛਾਣ ਕੀਤੀ। ਸੰਨ 2022 ਵਿੱਚ ਹੈਲਪ ਏਜ ਇੰਡੀਆ (HelpAge India) ਵੱਲੋਂ 22 ਸ਼ਹਿਰਾਂ ਵਿੱਚ ਕੀਤੇ ਸਰਵੇਖਣ ਵਿੱਚ ਪਤਾ ਲੱਗਿਆ ਕਿ ਭਾਰਤ ਵਿੱਚ 35% ਬਜ਼ੁਰਗਾਂ ਨੂੰ ਆਪਣੇ ਪੁੱਤਰਾਂ ਦੁਆਰਾ 21% ਨੂੰ ਨੂਹਾਂ ਦੁਆਰਾ ਅਤੇ 2 % ਨੂੰ ਦੇਖਭਾਲ ਕਰਨ ਵਾਲਿਆਂ ਦੁਆਰਾ ਦੁਰਵਿਵਹਾਰ ਦਾ ਸਾਹਮਣਾ ਕਰਨਾ ਪਿਆ। ਭਾਰਤ ਵਿੱਚ 46% ਬਜ਼ੁਰਗ ਕਿਸੇ ਵੀ ਕਿਸਮ ਦੇ ਦੁਰਵਿਵਹਾਰ ਨਿਵਾਰਨ ਵਿਧੀ ਜਾਂ ਉਪਲਬਧ ਕਾਨੂੰਨੀ ਸਹਾਇਤਾ ਤੋਂ ਅਣਜਾਣ ਹਨ।

ਨੈਸ਼ਨਲ ਕੌਂਸਲ ਆਨ ਏਜਿੰਗ (2021) ਦੇ ਅਨੁਸਾਰ ਦੁਰ ਵਿਵਹਾਰ ਕੀਤੇ ਗਏ ਬਜ਼ੁਰਗ ਬਾਲਗਾਂ ਦੀ ਮੌਤ ਦੀ ਸੰਭਾਵਨਾ 300% ਵੱਧ ਹੈ ਉਹਨਾਂ ਲੋਕਾਂ ਨਾਲੋਂ ਜਿਨਾਂ ਨਾਲ ਦੁਰਵਿਵਹਾਰ ਨਹੀਂ ਕੀਤਾ ਗਿਆ ਹੈ। ਇਸੇ ਤਰ੍ਹਾਂ ਮਨੋਵਿਗਿਆਨਿਕ ਤੌਰ ਤੇ ਦੁਰਵਿਵਹਾਰ ਕੀਤੇ ਗਏ ਬਜ਼ੁਰਗ ਬਾਲਗਾਂ ਵਿੱਚ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਦੀ ਸੰਭਾਵਨਾ 5.3 ਗੁਣਾ ਜਿਆਦਾ ਹੈ।

ਭਾਰਤ ਸਰਕਾਰ ਵੱਲੋਂ ਬਜ਼ੁਰਗਾਂ ਦੀ ਤੰਦਰੁਸਤੀ ਨੂੰ ਬਿਹਤਰ ਬਣਾਉਣ ਲਈ ਕਈ ਪ੍ਰੋਗਰਾਮ ਉਲੀਕੇ ਹਨ ਜਿਨਾਂ ਵਿੱਚੋਂ ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਯੋਜਨਾ, ਅੰਨ ਪੂਰਨਾ ਪ੍ਰੋਗਰਾਮ, ਬਜ਼ੁਰਗ ਵਿਅਕਤੀਆਂ ਲਈ ਰਾਸ਼ਟਰੀ ਨੀਤੀ ਅਤੇ ਮਾਤਾ ਪਿਤਾ ਦੀ ਦੇਖਭਾਲ ਅਤੇ ਭਲਾਈ ਅਤੇ ਸੀਨੀਅਰ ਸਿਟੀਜਨ ਐਕਟ ਸ਼ਾਮਿਲ ਹਨ। ਕਈ ਗੈਰ ਸਰਕਾਰੀ ਸੰਸਥਾਵਾਂ ਜਿਵੇਂ ਕਿ ਹੈਲਪ ਏਜ ਇੰਡੀਆ ਅਤੇ ਏਜ ਵੈਲ ਫਾਊਂਡੇਸ਼ਨ ਬਜ਼ੁਰਗਾਂ ਨਾਲ ਦੁਰਵਿਵਹਾਰ ਦੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਮਾਤਾ-ਪਿਤਾ ਅਤੇ ਸੀਨੀਅਰ ਸਿਟੀਜ਼ਨ ਮੇਨਟੇਨੈਂਸ ਐਂਡ ਵੈਲਫੇਅਰ ਐਕਟ, 2007 ਬਜ਼ੁਰਗ ਨਾਗਰਿਕਾਂ ਦੀ ਸੁਰੱਖਿਆ ਲਈ ਇੱਕ ਮਹੱਤਵਪੂਰਨ ਵਿਧਾਨਕ ਪਹਿਲ ਕਦਮੀ ਹੈ। ਇਸ ਨੇ ਸੀਨੀਅਰ ਸਿਟੀਜਨ ਟ੍ਰੀਬਿਊਨਲ ਵਜੋਂ ਜਾਣੇ ਜਾਂਦੇ ਵਿਸ਼ੇਸ਼ ਟ੍ਰੀਬਿਊਨਲਾਂ ਦੀ ਸਥਾਪਨਾ ਕੀਤੀ ਜੋ ਬਜ਼ੁਰਗਾਂ ਨਾਲ ਦੁਰਵਿਵਹਾਰ ਨਾਲ ਸੰਬੰਧਿਤ ਕੇਸਾਂ ਨੂੰ ਸੰਭਾਲਦੇ ਹਨ ਅਤੇ ਪੀੜਤਾਂ ਨੂੰ ਕਾਨੂੰਨੀ ਪਲੇਟਫਾਰਮ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਮਾਤਾ ਪਿਤਾ ਅਤੇ ਸੀਨੀਅਰ ਨਾਗਰਿਕਾਂ ਦਾ ਰੱਖ ਰਖਾਅ ਅਤੇ ਭਲਾਈ ਐਕਟ 2007 ਬਾਲਗ ਬੱਚਿਆਂ ਨੂੰ ਆਪਣੇ ਬਜ਼ੁਰਗ ਮਾਤਾ ਪਿਤਾ ਦੀ ਦੇਖਭਾਲ ਅਤੇ ਭਲਾਈ ਕਰਨ ਲਈ ਪਾਬੰਦ ਕਰਦਾ ਹੈ। ਬਜ਼ੁਰਗ ਆਪਣੇ ਬੱਚਿਆਂ ਤੋਂ ਮਹੀਨਾ ਵਾਰ ਭੱਤੇ ਲਈ ਅਰਜ਼ੀ ਦੇ ਸਕਦੇ ਹਨ ਜੇਕਰ ਬੱਚੇ ਉਨਾਂ ਨੂੰ ਗੁਜ਼ਾਰਾ ਭੱਤਾ ਨਹੀਂ ਦਿੰਦੇ ਤਾਂ ਉਹਨਾਂ ਨੂੰ ਸਜ਼ਾ ਹੋ ਸਕਦੀ ਹੈ। ਸੀਨੀਅਰ ਨਾਗਰਿਕਾਂ ਨੂੰ ਪਰੇਸ਼ਾਨ ਕਰਨ ਵਾਲੇ ਵਿਅਕਤੀ ਨੂੰ ਅਪਰਾਧਿਕ ਧਮਕੀ ਦੇਣ ਲਈ ਧਾਰਾ 506 ਦੇ ਤਹਿਤ ਲਿਆਂਦਾ ਜਾ ਸਕਦਾ ਹੈ। ਜੇਕਰ ਵਿਅਕਤੀ ਕਿਸੇ ਸੀਨੀਅਰ ਸਿਟੀਜ਼ਨ ਨਾਲ ਮਾਨਸਿਕ ਜਾਂ ਜ਼ੁਬਾਨੀ ਤੌਰ 'ਤੇ ਦੁਰਵਿਵਹਾਰ ਕਰਦਾ ਹੈ, ਤਾਂ ਧਾਰਾ 294 ਅਧੀਨ ਕੇਸ ਲਾਗੂ ਕੀਤਾ ਜਾ ਸਕਦਾ ਹੈ। ਕਿਸੇ ਕਿਸਮ ਦੇ ਬਜ਼ੁਰਗ ਨਾਲ ਹੋ ਰਹੇ ਦੁਰਵਿਵਹਾਰ ਦੀ ਸੂਚਨਾ ਸੀਨੀਅਰ ਸਿਟੀਜਨ ਹੈਲਪ ਲਾਈਨ ਡਿਗਨਿਟੀ ਹੈਲਪਲਾਈਨ ਨੂੰ 18002678780 ਤੇ ਕਾਲ ਕਰਕੇ ਦਿੱਤੀ ਜਾ ਸਕਦੀ ਹੈ। ਬਜ਼ੁਰਗ ਵਿਰੁੱਧ ਦੁਰਵਿਵਹਾਰ ਦੇ ਅਪਰਾਧੀਆਂ ਨੂੰ ਤਿੰਨ ਤੋਂ ਛੇ ਮਹੀਨਿਆਂ ਦੀ ਕੈਦ ਅਤੇ 10 ਹਜਾਰ ਰੁਪਏ ਤੱਕ ਦਾ ਜੁਰਮਾਨਾ ਜਾਂ ਦੋਵੇਂ ਸਜ਼ਾ ਹੋ ਸਕਦੀਆਂ ਹਨ।

ਇਸ ਸਾਲ ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਵਿਸ਼ਵ ਸਿਹਤ ਸੰਗਠਨ (WHO), ਸੰਯੁਕਤ ਰਾਸ਼ਟਰ ਆਰਥਿਕ ਅਤੇ ਸਮਾਜਿਕ ਮਾਮਲਿਆਂ ਦਾ ਵਿਭਾਗ(UN-DESA) ਅਤੇ ਬਜ਼ੁਰਗ ਦੁਰਵਿਵਹਾਰ ਦੀ ਰੋਕਥਾਮ ਲਈ ਅੰਤਰਰਾਸ਼ਟਰੀ ਨੈੱਟਵਰਕ(INPEA) ਵੱਲੋਂ ਜਿਨੇਵਾ ਵਿੱਚ ਆਯੋਜਿਤ ਕੀਤਾ ਜਾਵੇਗਾ। ਇਸ ਸਾਲ ਦੀ ਥੀਮ "Spotlight on Older Persons in Emergencies" ਹੈ । ਸੰਕਟ ਦੇ ਦੌਰਾਨ ਬਜ਼ੁਰਗ ਵਿਅਕਤੀਆਂ ਦੀ ਸੁਰੱਖਿਆ ਅਤੇ ਸਹਾਇਤਾ ਕਰਨ ਦੀ ਮਹੱਤਵਪੂਰਨ ਲੋੜ ਨੂੰ ਉਜਾਗਰ ਕਰਨ ਲਈ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਐਮਰਜੈਂਸੀ, ਭਾਵੇਂ ਕੁਦਰਤੀ ਆਫ਼ਤਾਂ, ਮਹਾਂਮਾਰੀ, ਜਾਂ ਟਕਰਾਅ, ਬਜ਼ੁਰਗ ਵਿਅਕਤੀਆਂ ਨੂੰ ਅਸਪਸ਼ਟ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਇਹ ਘਟਨਾਵਾਂ ਅਕਸਰ ਮੌਜੂਦਾ ਕਮਜ਼ੋਰੀਆਂ ਨੂੰ ਵਧਾ ਦਿੰਦੀਆਂ ਹਨ, ਜਿਸ ਨਾਲ ਸੰਕਟਕਾਲੀਨ ਯੋਜਨਾਬੰਦੀ ਅਤੇ ਜਵਾਬ ਵਿੱਚ ਉਹਨਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਜ਼ਰੂਰੀ ਬਣ ਜਾਂਦਾ ਹੈ। ਬਜ਼ੁਰਗ ਵਿਅਕਤੀਆਂ ਨੂੰ ਗਤੀਸ਼ੀਲਤਾ ਦੀਆਂ ਸਮੱਸਿਆਵਾਂ, ਗੰਭੀਰ ਸਿਹਤ ਸਥਿਤੀਆਂ, ਜਾਂ ਸਮਾਜਿਕ ਅਲੱਗ-ਥਲੱਗਤਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਨਾਲ ਉਹਨਾਂ ਲਈ ਸਹਾਇਤਾ ਤੱਕ ਪਹੁੰਚ ਕਰਨਾ, ਸੁਰੱਖਿਅਤ ਢੰਗ ਨਾਲ ਬਾਹਰ ਨਿਕਲਣਾ, ਜਾਂ ਸਮੇਂ ਸਿਰ ਡਾਕਟਰੀ ਦੇਖਭਾਲ ਦੇ ਨਾਲ-ਨਾਲ ਸਹਾਇਤਾ ਸੇਵਾਵਾਂ ਪ੍ਰਾਪਤ ਕਰਨਾ ਮੁਸ਼ਕਲ ਹੋ ਸਕਦਾ ਹੈ। ਇਸ ਤੋਂ ਇਲਾਵਾ, ਸੰਕਟਕਾਲੀਨ ਸਥਿਤੀਆਂ ਦਾ ਤਣਾਅ ਅਤੇ ਹਫੜਾ-ਦਫੜੀ ਬਜ਼ੁਰਗਾਂ ਨਾਲ ਬਦਸਲੂਕੀ ਭਾਵ ਸਰੀਰਕ, ਭਾਵਨਾਤਮਕ, ਵਿੱਤੀ, ਜਾਂ ਅਣਗਹਿਲੀ ਦੇ ਜੋਖਮ ਨੂੰ ਵਧਾ ਸਕਦੀ ਹੈ।

ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ 2024 ਐਮਰਜੈਂਸੀ ਜਵਾਬ ਦੇਣ ਵਾਲਿਆਂ, ਦੇਖਭਾਲ ਕਰਨ ਵਾਲਿਆਂ ਅਤੇ ਜਨਤਾ ਲਈ ਸਿੱਖਿਆ ਅਤੇ ਸਿਖਲਾਈ ਦੇ ਮਹੱਤਵ 'ਤੇ ਵੀ ਜ਼ੋਰ ਦਿੰਦਾ ਹੈ। ਐਮਰਜੈਂਸੀ ਵਿੱਚ ਬਜ਼ੁਰਗ ਵਿਅਕਤੀਆਂ ਦੁਆਰਾ ਦਰਪੇਸ਼ ਖਾਸ ਚੁਣੌਤੀਆਂ ਬਾਰੇ ਜਾਗਰੂਕਤਾ ਵਧਾ ਕੇ, ਅਸੀਂ ਇੱਕ ਵਧੇਰੇ ਸਮਾਵੇਸ਼ੀ ਅਤੇ ਸੁਰੱਖਿਆਤਮਕ ਵਾਤਾਵਰਣ ਨੂੰ ਉਤਸ਼ਾਹਿਤ ਕਰ ਸਕਦੇ ਹਾਂ।

ਬਜ਼ੁਰਗ ਇੱਕ ਪਰਿਵਾਰ ਦੇ ਉਸ ਮਾਲੀ ਦੀ ਤਰ੍ਹਾਂ ਹੁੰਦੇ ਹਨ ਜੋ ਆਪਣੇ ਖੂਨ ਪਸੀਨੇ, ਪਿਆਰ ਅਤੇ ਸੰਸਕਾਰਾਂ ਨਾਲ ਪਰਿਵਾਰ ਰੂਪੀ ਬਾਗ ਨੂੰ ਸਿੰਜਦੇ ਹਨ। ਸਾਨੂੰ ਆਪਣੇ ਬਜ਼ੁਰਗਾਂ ਦਾ ਮਾਣ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਉਨਾਂ ਨੂੰ ਉਹ ਸਾਰੀਆਂ ਖੁਸ਼ੀਆਂ ਦੇਣੀਆਂ ਚਾਹੀਦੀਆਂ ਹਨ ਜਿਨਾਂ ਦੇ ਉਹ ਹੱਕਦਾਰ ਹਨ। ਆਓ ਅਸੀਂ ਸਾਰੇ ਮਿਲ ਕੇ ਸਾਡੇ ਘਰਾਂ ਵਿੱਚ ਅਤੇ ਆਲੇ ਦੁਆਲੇ ਹੋ ਰਹੇ ਬਜ਼ੁਰਗਾਂ ਪ੍ਰਤੀ ਦੁਰਵਿਹਾਰ ਨੂੰ ਰੋਕੀਏ ਅਤੇ ਨਕਾਰਾਤਮਕ ਮਾਨਸਿਕਤਾ ਨੂੰ ਪਿਆਰ ਅਤੇ ਸਦਭਾਵਨਾ ਨਾਲ ਸਕਾਰਾਤਮਕ ਰਵਈਏ ਨਾਲ ਬਦਲੀਏ।

## ਕਿਵੇਂ ਬਣਿਆ ਭੈਣੀ ਤੋਂ ਚੋਹਲਾ ਸਾਹਿਬ?

### 4 ਹਾੜ੍ਹ (17 ਜੂਨ) ਲਈ ਵਿਸ਼ੇਸ਼



ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਚੋਹਲਾ ਸਾਹਿਬ ਇੱਕ ਧਾਰਮਿਕ ਤੇ ਇਤਿਹਾਸਕ ਕਸਬਾ ਹੈ, ਜੋ ਤਰਨਤਾਰਨ ਜ਼ਿਲ੍ਹੇ ਵਿੱਚ ਸਥਿਤ ਅਤੇ ਸਰਹਾਲੀ ਦੇ ਨੇੜੇ ਹੈ। ਇਸ ਕਸਬੇ ਨੂੰ ਗੁਰੂ ਅਰਜਨ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਚੋਹਲਾ ਸਾਹਿਬ ਦਾ ਪਹਿਲਾ ਨਾਂ ਭੈਣੀ ਸੀ। ਸਿੱਖ ਇਤਿਹਾਸ ਵਿੱਚ ਦਰਜ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਸਰਹਾਲੀ ਤੋਂ ਏਥੇ ਆਏ ਤਾਂ ਸੰਗਤਾਂ ਨੇ ਉਨ੍ਹਾਂ ਦੀ ਬੜੀ ਸ਼ਰਧਾ-ਭਾਵਨਾ ਨਾਲ ਸੇਵਾ ਕੀਤੀ। ਪਿੰਡ ਦੀ ਇੱਕ ਮਾਈ ਦੇ ਮਨ ਵਿੱਚ ਗੁਰੂ ਜੀ ਨੂੰ ਲੰਗਰ ਛਕਾਉਣ ਦਾ ਵਿਚਾਰ ਆਇਆ। ਉਹਨੇ ਸੋਚਿਆ ਕਿ ਜੇ ਸਤਿਗੁਰੂ ਲਈ ਦਾਲ਼ ਸਬਜ਼ੀ ਵਾਲਾ ਲੰਗਰ ਤਿਆਰ ਕੀਤਾ ਤਾਂ ਜ਼ਿਆਦਾ ਸਮਾਂ ਲੱਗ ਜਾਵੇਗਾ। ਇਸ ਲਈ ਉਹਨੇ ਖੰਡ-ਘਿਓ-ਪ੍ਰਸ਼ਾਦੇ ਪਾ ਕੇ ਵਧੀਆ ਚੂਰੀ ਕੁੱਟੀ ਅਤੇ ਛੰਨੇ ਵਿੱਚ ਪਾ ਕੇ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਈ।

ਗੁਰੂ ਜੀ ਨੇ ਮਾਈ ਨੂੰ ਪੁੱਛਿਆ ਕਿ ਛੰਨੇ ਵਿੱਚ ਕੀ ਹੈ? ਤਾਂ ਮਾਈ ਨੇ ਨਿਮਰਤਾ ਨਾਲ ਜਵਾਬ ਦਿੱਤਾ, "ਸੱਚੇ ਪਾਤਸ਼ਾਹ! ਲੰਗਰ ਤਿਆਰ ਕਰਨ ਨੂੰ ਸਮਾਂ ਲੱਗ ਜਾਣਾ ਸੀ, ਇਸਲਈ ਮੈਂ ਛੇਤੀ ਛੇਤੀ ਚੋਲ੍ਹਾ ਬਣਾ ਕੇ ਲਿਆਈ ਹਾਂ।" ਸਤਿਗੁਰੂ ਜੀ ਨੇ ਮਾਈ ਦਾ ਪ੍ਰੇਮ ਵੇਖ ਕੇ ਚੋਲ੍ਹਾ ਛਕ ਲਿਆ ਅਤੇ ਬਚਨ ਕੀਤਾ ਕਿ ਅੱਗੇ ਤੋਂ ਇਸ ਨਗਰ ਦਾ ਨਾਂ ਵੀ ਚੋਹਲਾ ਸਾਹਿਬ ਲੈਣਾ। ਨਗਰ ਵਾਸੀਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਰਕਾਰੀ ਕਾਗਜ਼ਾਂ ਵਿੱਚ ਤਾਂ ਨਗਰ ਦਾ ਨਾਂ ਭੈਣੀ ਹੈ, ਅਸੀਂ ਚੋਹਲਾ ਸਾਹਿਬ ਕਿਵੇਂ ਕਹਾਂਗੇ? ਗੁਰੂ ਜੀ ਨੇ ਅੰਤਰਧਿਆਨ ਹੋ ਕੇ ਕਿਹਾ- "ਸਰਕਾਰੀ ਕਾਗਜ਼ਾਂ ਵਿੱਚ ਵੀ ਨਗਰ ਦਾ ਨਾਂ ਚੋਲ੍ਹਾ ਸਾਹਿਬ ਹੀ ਹੋਵੇਗਾ। ਜਦੋਂ ਤੁਸੀਂ ਮਾਮਲਾ ਦੇਣ ਜਾਓਗੇ ਤਾਂ ਕਹਿਣਾ ਕਿ ਚੋਲ੍ਹਾ ਨਗਰ ਤੋਂ ਮਾਮਲਾ ਦੇਣ ਆਏ ਹਾਂ।" ਗੁਰੂ ਜੀ ਦੇ ਬਚਨ ਸਤਿ ਹੋਏ।

ਜਦੋਂ ਉਸ ਨਗਰ ਦੇ ਵਾਸੀ ਮਾਮਲਾ ਦੇਣ ਜਹਾਂਗੀਰ ਦੇ ਦਰਬਾਰ ਵਿੱਚ ਗਏ ਤਾਂ ਉਨ੍ਹਾਂ ਨੇ ਚੋਲ੍ਹਾ ਨਗਰ ਦਾ ਹੀ ਨਾਂ ਲਿਆ। ਸਰਕਾਰੀ ਅਹਿਲਕਾਰ ਇਹ ਸੁਣ ਕੇ ਹੈਰਾਨ ਹੋਏ ਕਿ ਇਸ ਨਗਰ ਦਾ ਨਾਂ ਪਹਿਲਾਂ ਤਾਂ ਕਦੇ ਨਹੀਂ ਸੁਣਿਆ। ਫਿਰ ਜਦੋਂ ਅਹਿਲਕਾਰਾਂ ਨੇ ਹਿਸਾਬ-ਕਿਤਾਬ ਵਾਲੀਆਂ ਵਹੀਆਂ ਕੱਢ ਕੇ ਵੇਖੀਆਂ ਤਾਂ ਉੱਥੇ ਚੋਲ੍ਹਾ ਨਗਰ ਹੀ ਲਿਖਿਆ ਹੋਇਆ ਸੀ। ਨਗਰ ਵਾਸੀਆਂ ਸਮੇਤ ਅਹਿਲਕਾਰ ਇਹ ਵੇਖ ਕੇ ਬੜੇ ਹੈਰਾਨ ਹੋਏ। ਹੁਣ ਇਸ ਨਗਰ ਦਾ ਨਾਂ ਚੋਹਲਾ ਸਾਹਿਬ ਪ੍ਰਸਿੱਧ ਹੈ। ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਇਸ ਪ੍ਰਥਾਇ ਲਿਖਿਆ ਮਿਲਦਾ ਹੈ:

ਸੁਨਿ ਦਿਵਾਨ ਮਨ ਸੰਸਾ ਭਯੋ।

ਦਫਤਰ ਖੋਲਿ ਸੁ ਦੇਖਤਿ ਭਯੋ।

ਚੋਲਾ ਲਿਖਯੋ ਸੁ ਬੀਚ ਨਿਹਾਰਾ।

ਦੇਖਤਿ ਮਨ ਮਹਿ ਅਚਰਜ ਭਾਰਾ।

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਨੂੰ ਦੋ ਥਾਂਵਾਂ ਤੇ ਵਰਤਿਆ ਹੈ:

ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ॥

ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ॥ (ਆਸਾ ਮਹਲਾ ੫, ਅੰਗ ੪੦੭)

ਸੀਤਲ ਸਾਂਤਿ ਮਹਾ ਸੁਖੁ ਪਾਇਆ ਸੰਤਸੰਗਿ ਰਹਿਓ ਓਲ੍ਹਾ॥

ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ॥

(ਧਨਾਸਰੀ ਮਹਲਾ ੫, ਅੰਗ ੬੭੨)

ਗੁਰੂ ਅਰਜਨ ਦੇਵ ਜੀ ਦੇ ਚੋਹਲਾ ਸਾਹਿਬ ਪਧਾਰਨ ਦੀ ਯਾਦ ਵਿੱਚ ਉੱਥੇ ਗੁਰਦੁਆਰਾ ਚੋਹਲਾ ਸਾਹਿਬ ਬਣਿਆ ਹੋਇਆ ਹੈ। ਗੁਰੂ ਜੀ ਨਾਲ ਆਪ ਦੇ ਮਹਿਲ ਮਾਤਾ ਗੰਗਾ ਜੀ ਵੀ ਆਏ ਸਨ। ਮਾਤਾ ਜੀ ਦੀ ਯਾਦ ਵਿੱਚ ਵੀ ਗੁਰਦੁਆਰਾ ਸਾਹਿਬ ਮੌਜੂਦ ਹੈ। ਉੱਥੇ ਚਾਰ ਹੋਰ ਇਤਿਹਾਸਕ ਗੁਰਦੁਆਰੇ ਮੌਜੂਦ ਹਨ। ਹਰ ਸਾਲ 4 ਹਾੜ੍ਹ (ਇਸ ਸਾਲ 17 ਜੂਨ) ਨੂੰ ਇਹ ਦਿਵਸ ਚੋਹਲਾ ਸਾਹਿਬ ਵਿਖੇ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਹਦੇ ਨਾਲ-ਨਾਲ ਉੱਥੇ ਵਿਸਾਖੀ ਦਾ ਦਿਹਾੜਾ ਵੀ ਮਨਾਇਆ ਜਾਂਦਾ ਹੈ।

## ਪਾਣੀ ਦੀ ਕਹਾਣੀ



ਵਿਹੜੇ ਵਿੱਚ ਇੱਕ ਖੂਹ ਹੁੰਦਾ ਸੀ।
ਸਾਰੇ ਘਰਾਂ ਦੀ ਰੂਹ ਹੁੰਦਾ ਸੀ।

ਬੇਬੇ, ਭੂਆ, ਚਾਚੀਆਂ, ਤਾਈਆਂ।
ਭਤੀਜੀਆਂ ਤੇ ਨਣਦਾਂ-ਭਰਜਾਈਆਂ।

ਬੰਨ੍ਹ ਬੰਨ੍ਹ ਲੱਜਾਂ ਬਾਲਟੀਆਂ ਥਾਣੀ।
ਸਭਨਾਂ ਰਲ਼ਕੇ ਭਰਨਾ ਪਾਣੀ।

ਦੂਰੋਂ ਛੱਡ ਬਾਲਟੀ ਸੁੱਟ ਕੇ।
ਤੇ ਫਿਰ ਲੱਜ ਹੱਥਾਂ ਘੁੱਟ ਕੇ।

ਸ਼ੁਰੂ ਹੁੰਦੀ ਸੀ ਖਿੱਚ-ਖਿਚਾਈ।
ਖੂਬ ਪਾਉਂਦੀ ਸੀ ਭੌਣ ਦੁਹਾਈ।

ਢੋਂਹਦੀਆਂ ਸੀ ਘੜਿਆਂ ਵਿੱਚ ਭਰ ਕੇ।
ਕੁੱਝ ਸਿਰ ਤੇ ਕੁੱਝ ਲੱਕ ਤੇ ਧਰ ਕੇ।

ਡੰਗਰ-ਪਸ਼ੂਆਂ ਲਈ ਚੁਬੱਚੇ।
ਪਿਆਸ ਬੁਝਾਉਂਦੇਂ ਖੂਹ ਦੇ ਉੱਤੇ।

ਚੁਗਲੀਆਂ, ਖ਼ਬਰਾਂ, ਮਿਹਣੇ, ਪਿਆਰ।
ਖੂਹ ਦੀ ਮੋਣ ਸੀ ਮਿਲਦਾ ਸਾਰ।

ਸਿੱਟ ਸਿੱਟ ਛਿੱਟੇ ਸੀ ਕਰਦੀਆਂ ਖੇਲਾਂ।
ਨਿੱਤ ਦਿਨ ਸੀ ਇਹ ਭਰਦਾ ਮੇਲਾ।

ਫਿਰ! ਸੁੱਕਦਾ ਸੁੱਕਦਾ ਸੁੱਕ ਗਿਆ ਖੂਹ।
ਲੈ ਗਿਆ ਨਾਲ ਰੌਣਕਾਂ ਧੂਹ।

ਸਭਨੇ ਆਪੋ ਆਪਣੇ ਨਲ਼ਕੇ।
ਲਏ ਲਵਾ ਬਾਊਂਡਰੀ ਵਲ਼ਕੇ।

ਸਭ ਬੰਦ ਅੰਦਰ ਵੜਕੇ ਹੋ ਗਏ।
ਆਪੋ-ਆਪਣੇ ਖੜਕੇ ਹੋ ਗਏ।

ਫਿਰ ਵੀ ਕਈਂ ਗਰਜ ਦੇ ਮਾਰੇ।
ਇੱਕ ਦੂਜੇ ਦੇ ਰਹੇ ਸਹਾਰੇ।

ਆਇਆ ਫਿਰ ਹਰਾ ਇਨਕਲਾਬ।
ਨਲ਼ਕੇ ਵੀ ਦੇ ਗਏ ਜਵਾਬ।

ਐਸੇ ਅਸੀ ਲਾਲਚਾਂ ਘੇਰੇ।
ਪਾਣੀ ਹੁੰਦੇ ਗਏ ਡੂੰਘੇਰੇ।

ਕਰ ਕਰ ਫੇਰ ਸਮਰਸੀ ਬੋਰ।
ਕੀਤੀਆਂ ਅਸੀ ਤਰੱਕੀਆਂ ਹੋਰ।

ਦੱਬ ਦੱਬ ਸੁੱਚ ਮੋਟਰਾਂ ਚੱਲੀਆਂ।
ਘਰ ਦੀਆਂ ਛੱਤਾਂ ਟੈਂਕੀਆਂ ਮੱਲੀਆਂ।

ਇੱਕ, ਦੋ, ਤਿੰਨ, ਚਾਰ ਸੋ ਫੁੱਟ।
ਹਾਏ.! ਬਿਲਕੁਲ ਹੱਥੋਂ ਜਾਵੇ ਨਾ ਛੁੱਟ।

ਪਾਣੀ ਪਿਤਾ ਨੂੰ ਰੱਖੀਏ ਯਾਦ।
ਵਾਧੂ ਨਾ ਕਰੀਏ ਬਰਬਾਦ।

ਪਿੰਡ ਘੜਾਮੇਂ ਧਰੀਏ ਧਿਆਨ।
ਲੈ ਰੋਮੀ ਬਾਬਿਆਂ ਤੋਂ ਗਿਆਨ।

ਜਿਤੁ ਅੰਤ ਪਛੋਤਾਈਐ ਵਾਲੀ ਗੱਲ ਕਿਤੇ ਨਾ ਹੋਏ।।
ਕਿਉਂਕਿ:-
ਪਹਿਲਾਂ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।।

ਪਹਿਲਾਂ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।।
ਪਹਿਲਾਂ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।।

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ